# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 27 ਜਨਵਰੀ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## "ਜ਼ਿਲ੍ਹਾ ਸਿੱਖਿਆ ਅਫਸਰਾਂ ਦੀਆਂ ਤਰੱਕੀਆਂ ਵਿੱਚ ਹੋਏ ਪੱਖਪਾਤ ਦਾ ਐਸਸੀ/ ਬੀਸੀ ਅਧਿਆਪਕ ਯੂਨੀਅਨ ਵੱਲੋਂ ਤਿੱਖਾ ਵਿਰੋਧ"

### ਐਸਸੀ/ ਬੀਸੀ ਅਧਿਆਪਕ ਯੂਨੀਅਨ ਪੰਜਾਬ ਦੀ ਲੁਧਿਆਣਾ ਇਕਾਈ ਦੇ ਪ੍ਰਧਾਨ ਭੁਪਿੰਦਰ ਸਿੰਘ ਚੰਗਣ ਦੀ ਅਗਵਾਈ ਵਿੱਚ ਐਸ.ਸੀ ਅਧਿਆਪਕਾਂ ਦੀ ਜਰੂਰੀ ਮੀਟਿੰਗ ਚਤਰ ਸਿੰਘ ਪਾਰਕ ਲੁਧਿਆਣਾ ਵਿਖੇ ਹੋਈ ।

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 25 ਜਨਵਰੀ : ਮੀਟਿੰਗ ਵਿੱਚ ਗਣਤੰਤਰ ਦਿਵਸ ਤੇ ਮੌਕੇ 'ਤੇ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਦਿੱਤੇ ਹੱਕਾਂ ਅਤੇ ਅਧਿਕਾਰਾਂ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਜਿਲਾ ਪ੍ਰਧਾਨ ਚੰਗਣਾਂ ਨੇ ਆਖਿਆ ਕਿ ਮੌਜੂਦਾ ਸਰਕਾਰ ਸਿਰਫ ਭੀਮ ਰਾਓ ਅੰਬੇਡਕਰ ਦੀਆਂ ਫੋਟੋਆਂ ਵਿਖਾ ਕੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਬਟੋਰ ਰਹੀ ਹੈ ਜਦ ਕਿ ਅਸਲ ਰੂਪ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਵੱਲੋਂ ਇਹਨਾਂ ਸ਼੍ਰੇਣੀਆਂ ਨੂੰ ਦਿੱਤੇ ਅਧਿਕਾਰਾਂ ਨੂੰ ਲਾਗੂ ਨਹੀਂ ਕਰ ਰਹੀ। ਜਿਸ ਦੀ ਸਪਸ਼ਟ ਉਦਾਹਰਣ ਸਿੱਖਿਆ ਵਿਭਾਗ ਵੱਲੋਂ ਪ੍ਰਿੰਸੀਪਲਾਂ ਤੋ ਜਿਲਾ ਸਿੱਖਿਆ ਅਫਸਰਾਂ ਦੀਆਂ ਤਰੱਕੀਆਂ ਵਿੱਚ ਅਨੁਸੂਚਿਤ ਜਾਤੀਆਂ ਦੇ ਪ੍ਰਿੰਸੀਪਲਾਂ ਨੂੰ ਸੀਨੀਅਰ ਹੋਣ ਦੇ ਬਾਵਜੂਦ ਵੀ ਨਹੀਂ ਵਿਚਾਰਿਆ ਗਿਆ ਜਦ ਕਿ ਸੀ ਡੈਕ ਦੀ ਭਰਤੀ ਰਾਹੀਂ ਸਾਲ 2014 ਵਿੱਚ ਹਾਜ਼ਰ ਹੋਏ ਇਹਨਾਂ ਸ਼੍ਰੇਣੀਆਂ ਦੇ ਹੀ ਪ੍ਰਿੰਸੀਪਲਾਂ ਨੂੰ ਉਚ ਅਧਿਕਾਰੀ ਥਾਪ ਦਿੱਤਾ ਗਿਆ। ਆਗੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਸੀ ਪਰਸੋਨਲ ਵਿਭਾਗ ਰਾਹੀਂ ਗਲਤ ਅਨਾਮਲੀ ਬਣਾਉਣ ਉਪਰੰਤ 2014 ਵਿੱਚ ਪ੍ਰਮੋਟ ਹੋਏ ਪ੍ਰਿੰਸੀਪਲਾਂ ਨੂੰ ਜਿਲਾ ਸਿੱਖਿਆ ਅਫਸਰ ਤਾਇਨਾਤ ਕਰ ਦਿੱਤਾ ਗਿਆ ਜਦਕਿ 2010 ਵਿੱਚ ਪਰਮੋਟ ਹੋਏ ਸੀਨੀਅਰ ਪ੍ਰਿੰਸੀਪਲਾਂ ਨੂੰ ਬਣਦੀਆਂ ਹੱਕੀ ਤਰੱਕੀਆਂ ਤੋਂ ਵਾਂਝੇ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਅਸਲ ਚਿਹਰੇ ਨੂੰ ਬੇਨਕਾਬ ਕੀਤਾ ਹੈ।



ਮੌਜੂਦਾ ਸਰਕਾਰ ਨੂੰ ਅਜਿਹੀਆਂ ਦੇ ਨਿਯਮੀਆਂ ਨੂੰ ਦੂਰ ਕਰਨਾ ਬਣਦਾ ਹੈ ਜੇਕਰ ਸਰਕਾਰ ਤਰੱਕੀਆਂ ਤਾਂ ਵਿਹੂਣੇ ਜਿਨਾ ਇਹਨਾਂ ਪ੍ਰਿੰਸੀਪਲ ਦੀ ਸਾਰ ਨਹੀਂ ਲੈਂਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀ ਇਸ ਮੁੱਦੇ ਨੂੰ ਉਭਾਰਦਿਆਂ ਅਗਲਾ ਪ੍ਰੋਗਰਾਮ ਉਲੀਕੇਗੀ। ਇਸ ਮੌਕੇ ਤੇ ਜਥੇਬੰਦੀ ਤੇ ਸਰਗਰਮ ਮੈਂਬਰ ਲੈਕ: ਰਵਿੰਦਰ ਸਿੰਘ, ਲੈਕ:ਦਵਿੰਦਰ ਸਿੰਘ ਗੁਰੂ, ਪ੍ਰਿੰਸੀਪਲ ਜਸਬੀਰ ਸਿੰਘ ਖ਼ਾਨਪੁਰ, ਮਾ.ਅਵਤਾਰ ਸਿੰਘ ਸਹੋਤਾ, ਮਾ.ਪਰਮਜੀਤ ਸਿੰਘ, ਮਾ.ਸੁਖਜੀਤ ਸਿੰਘ ਸਾਬਰ, ਪ੍ਰਿੰਸੀਪਲ ਨਰੇਸ਼ ਕੁਮਾਰ ਸੇਖੇਵਾਲ ਅਤੇ ਹੋਰ ਆਗੂ ਹਾਜ਼ਰ ਸਨ।

## 26 ਜਨਵਰੀ ਵਾਲੇ ਦਿਨ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ : ਚੇਅਰਮੈਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 27 ਜਨਵਰੀ : ਇੰਟਰ ਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਅੱਜ ਚੇਅਰਮੈਨ ਜਸਕਰਨ ਸਿੰਘ ਦੀ ਅਗਵਾਈ ਹੇਠ 26 ਜਨਵਰੀ ਗਣਤੰਤਰ ਦਿਵਸ ਮਨਾਇਆ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆ ਚੇਅਰਮੈਨ ਜਸਕਰਨ ਸਿੰਘ ਨੇ ਦੱਸਿਆ ਕਿ 26 ਜਨਵਰੀ ਨੂੰ ਸਾਡਾ ਸੰਵਿਧਾਨ ਤਿਆਰ ਹੋਇਆ ਸੀ। ਇਸ ਦਿਨ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਉਹਨਾਂ ਕਿਹਾ ਕਿ 26 ਜਨਵਰੀ 1950 ਨੂੰ ਸਾਡਾ ਸੰਵਿਧਾਨ ਲਾਗੂ ਹੋਇਆ ਤੇ ਸਾਡਾ ਭਾਰਤ ਦੇਸ਼ ਲੋਕਤੰਤਰ ਗਣਰਾਜ ਬਣ ਗਿਆ। ਉਹਨਾਂ ਬੱਚਿਆ ਨੂੰ ਦੱਸਿਆ ਕਿ ਇਸ ਦਿਨ ਸਾਨੂੰ ਇਕ ਸੰਵਿਧਾਨ ਮਿਲਿਆ ਸੀ, ਜੋ ਭਾਰਤ ਦੇ ਲੋਕਾਂ ਨੂੰ ਖੁਦ ਭਵਿੱਖ ਤੈਅ ਕਰਨ ਲਈ ਬਣਾਇਆ ਗਿਆ ਸੀ। ਇਸ ਦਿਨ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਨੇ ਤਿਰੰਗਾ ਝੰਡਾ ਲਹਿਰਾ ਕੇ ਸਮੂਹ ਸਟਾਫ ਦੇ ਨਾਲ ਤਿਰੰਗੇ ਨੂੰ ਸਨਮਾਨ ਦਿੱਤਾ। ਇਸ ਮੌਕੇ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਦੇ ਬੱਚਿਆ ਨੇ ਰੰਗਾਰੰਗ ਪ੍ਰੋਗ੍ਰਾਮ ਪੇਸ਼ ਕੀਤਾ। ਸਾਰੇ ਬੱਚਿਆ ਦਾ ਮੂੰਹ ਮਿੱਠਾ ਕਰਵਾ ਕੇ ਉਹਨਾਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ ਗਈ।



## ਮਾਉਂਟ ਲਿਟਰਾ ਜ਼ੀ ਸਕੂਲ ਵਿਖੇ ਗਣਤੰਤਰ ਦਿਵਸ ਮੌਕੇ ਕਰਵਾਏ ਗਏ ਵੱਖ-ਵੱਖ ਮੁਕਾਬਲੇ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 27 ਜਨਵਰੀ: ਫ਼ਰੀਦਕੋਟ ਦੇ ਮਾਉਂਟ ਲਿਟਰਾ ਜ਼ੀ ਸਕੂਲ ਵਿੱਚ ਭਾਰਤ ਦਾ ਰਾਸ਼ਟਰੀ ਤਿਓਹਾਰ ਗਣਤੰਤਰ ਦਿਵਸਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਤਿਰੰਗੇ ਦੇ ਰੰਗਾਂ ਵਾਲੇ ਗੁਬਾਰਿਆਂ ਅਤੇ ਲੜੀਆਂ ਨਾਲ ਸਜਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਲਈ ਕਈ ਗਤੀਵਿਧੀਆਂ ਦਾਆਯੋਜਨ ਕੀਤਾ ਗਿਆ, ਜਿਸ 'ਚ ਦੇਸ਼ ਭਗਤੀ ਨਾਲ ਸਬੰਧਤ ਗੀਤ, ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਨਾਲ ਹੀ ਸਾਰੇ ਸਕੂਲ ਦੇ ਵਿਦਿਆਰਥੀਆਂ ਲਈ ਦੇਸ਼ ਭਗਤੀ 'ਤੇ ਆਧਾਰਿਤ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਜਿਸ 'ਚ ਵਿਦਿਆਰਥੀਆਂ ਨੇ ਬਹੁਤ ਵਧ ਚੜ੍ਹ ਕੇ ਹਿੱਸਾ ਲਿਆ। ਗਣਤੰਤਰ ਦਿਵਸ ਦੇ ਅਵਸਰ 'ਤੇ ਸਕੂਲ ਦੇ ਚੇਅਰਮੈਨ ਇੰਜੀ ਚਮਨ ਲਾਲ ਗੁਲਾਟੀ ਅਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਸਕੂਲ 'ਚ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਰਾਸ਼ਟਰੀ ਗਾਯਨ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਸਮੂਹ ਸਟਾਫ਼ ਨੇ ਬਹੁਤਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚਮਨ ਲਾਲ ਗੁਲਾਟੀ ਨੇ ਕਿਹਾ ਕਿ 26 ਜਨਵਰੀ ਦਾ ਦਿਨ ਭਾਰਤ ਦਾ ਗੋਰਵਸ਼ਾਲੀ ਦਿਨ ਹੈ, ਜੋ ਭਾਰਤ ਦੀ ਅਨੇਕਤਾ 'ਚ ਏਕਤਾ ਅਤੇ ਅਖੰਡਤਾ ਦਾ ਪ੍ਰਤੀਕ ਹੈ ਅਤੇ ਹਰ ਭਾਰਤ ਵਾਸੀ ਨੂੰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਹਿੱਸਾ ਹੋਣ ਦਾ ਮਾਣ ਹੋਣਾ ਚਾਹੀਦਾ ਹੈ ਓਹਨਾਂ ਬੱਚਿਆਂ ਨੂੰ ਆਪਣੇ ਦੇਸ਼ ਨੂੰ ਪਿਆਰ ਕਰਨ ਅਤੇ ਦੇਸ਼ ਦੀ ਤਰੱਕੀ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ। ਇਸ ਮੋਕੇ ਚਮਨ ਲਾਲ ਗੁਲਾਟੀ ਨੇ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ।




## ਸਿਲਵਰ ਓਕਸ ਸਕੂਲ ਵਿਖੇ ਗਣਤੰਤਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 27 ਜਨਵਰੀ : ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਗਣਤੰਤਰ ਦਿਵਸ ਬੜੇ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਵਲੋਂ 26 ਜਨਵਰੀ ਨੂੰ ਤਿਰੰਗਾ ਲਹਿਰਾ ਕੇ ਕੀਤੀ ਗਈ। ਸਕੂਲ ਦੇ ਵਿਦਿਆਰਥੀਆਂ ਵਲੋਂ ਰਾਸ਼ਟਰੀ ਗੀਤ ਜਨ ਗਣ ਮਨ ਗਾਇਆ ਗਿਆ ਇਸ ਦੇ ਨਾਲ ਹੀ ਅੱਠਵੀਂ 'ਬੀ' ਜਮਾਤ ਦੀ ਵਿਦਿਆਰਥਣ ਹਰਨੂਰ ਕੌਰ ਅਤੇ ਨੌਵੀਂ ਜਮਾਤ ਦੀ ਵਿਦਿਆਰਥਣ ਤਨਵੀ ਗਰਗ ਨੇ ਆਪਣੇ ਭਾਸ਼ਣ ਰਾਹੀਂ ਗਣਤੰਤਰ ਦਿਵਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਬੱਚਿਆਂ ਨੇ ਵੱਖ-ਵੱਖ ਤਰ੍ਹਾਂ ਦੇ ਦੇਸ਼ ਭਗਤੀ ਦੇ ਨਾਲ ਸਬੰਧਤ ਸੱਭਿਆਚਾਰਕ ਪ੍ਰੋਗਰਾਮ ਪੇਸ ਕੀਤੇ। ਦੇਸ਼ ਭਗਤੀ ਦੇ ਗੀਤ 'ਆਓ ਬਣਾਏ ਮਿਲਕਰ ਪਿਆਰਾ ਹਿੰਦੁਸਤਾਨ' ਨੇ ਸਾਰਿਆਂ ਦਾ ਮਨ ਮੋਹ ਲਿਆ। ਅਧਿਆਪਕਾ ਮਿਸ ਦੀਪ ਕੌਰ ਅਤੇ ਮਿਸ ਕਿਰਨ ਬਾਲਾ ਵੱਲੋਂ ਗਣਤੰਤਰ ਦਿਵਸ ਨਾਲ ਸੰਬੰਧਤ ਕੁਇਜ ਕਰਵਾਇਆ ਗਿਆ। ਜਿਸ ਵਿੱਚ ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛੇ ਗਏ ਅਤੇ ਵਿਦਿਆਰਥੀਆਂ ਨੇ ਬੜੀ ਹੀ ਸਮਝਦਾਰੀ ਨਾਲ ਪ੍ਰਸਨਾਂ ਦਾ ਜਵਾਬ ਦਿੱਤਾ। ਗਣਤੰਤਰ ਦਿਵਸ ਦੇ ਮੌਕੇ 'ਤੇ ਸਿਲਵਰ ਓਕਸ ਸਕੂਲ ਦੇ ਵਿਦਿਆਰਥੀਆਂ ਨੇ ਸਟੇਡੀਅਮ ਵਿੱਚ ਹੋਈ ਪਰੇਡ ਵਿੱਚ ਹਿੱਸਾ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਨੇ ਸਭ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਰਾਸ਼ਟਰੀ ਤਿਰੰਗੇ ਦੀ ਮਹੱਤਤਾ ਬਾਰੇ ਦੱਸਿਆ ਅਤੇ ਬੱਚਿਆਂ ਨੂੰ ਦੇਸ਼ ਭਗਤਾਂ ਦੇ ਜੀਵਨ ਤੋਂ ਜਾਣੂ ਕਰਵਾਇਆ। ਉਹਨਾਂ ਇਹ ਵੀ ਕਿਹਾ ਕਿ ਜੇਕਰ ਸਾਰੇ ਵਿਦਿਆਰਥੀ ਆਪਣੀ ਪੜ੍ਹਾਈ ਅਤੇ ਸਰੀਰਕ ਵਿਕਾਸ ਨੂੰ ਮੁੱਖ ਰੱਖ ਕੇ ਇਮਾਨਦਾਰੀ ਨਾਲ ਅੱਗੇ ਵਧਦੇ ਹਨ ਤਾਂ ਇਹ ਉਨ੍ਹਾਂ ਦੀ ਦੇਸ਼ ਭਗਤੀ ਹੈ। ਅੰਤ 'ਚ ਸਕੂਲ ਪ੍ਰਿੰਸੀਪਲ ਵਲੋਂ ਸਕੂਲ ਦੀ ਪ੍ਰਬੰਧਕੀ ਕਮੇਟੀ, ਸਮੂਹ ਸਟਾਫ਼ ਅਤੇ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।



## ਗਣਤੰਤਰਤਾ ਦਿਵਸ ਮੌਕੇ ਚਰਨਜੀਤ ਸਿੰਘ ਰਾਏ ਦਾ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਰੋਪੜ, 27 ਜਨਵਰੀ : ਨਹਿਰੂ ਸਟੇਡੀਅਮ ਰੋਪੜ ਵਿਖੇ ਗਣਤੰਤਰਤਾ ਦਿਹਾੜੇ ਦੇ ਸਮਾਗਮ ਦੌਰਾਨ ਕੁਲਤਾਰ ਸਿੰਘ ਵਿਧਾਨ ਸਭਾ ਸਪੀਕਰ, ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਅਤੇ ਡਾ. ਚਰਨਜੀਤ ਸਿੰਘ ਚੰਨੀ ਵਿਧਾਇਕ ਸ਼੍ਰੀ ਚਮਕੌਰ ਸਾਹਿਬ ਵੱਲੋਂ ਚਰਨਜੀਤ ਸਿੰਘ ਰਾਏ ਐੱਸ.ਡੀ.ਓ. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੀਨੀਅਰ ਜਿਲ੍ਹਾ ਅਧਿਕਾਰੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



## ਬਾਬਾ ਫ਼ਰੀਦ ਪਬਲਿਕ ਸਕੂਲ ਦੀ ਗਣਤੰਤਰ ਦਿਵਸ ਮੌਕੇ NCC, ਪਰੇਡ ਅਤੇ ਪੀਟੀ ਸ਼ੋਅ ਵਿੱਚ ਵਧੀਆ ਕਾਰਗੁਜ਼ਾਰੀ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫਰੀਦਕੋਟ 27 ਜਨਵਰੀ : ਬਾਬਾ ਫ਼ਰੀਦ ਜੀ ਦੀ ਰਹਿਮਤ ਸਦਕਾ ਤੇ ਸ.ਇੰਦਰਜੀਤ ਸਿੰਘ ਖਾਲਸਾ ਜੀ ਦੇ ਅਸ਼ੀਰਵਾਦ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਬਾਬਾ ਫਰੀਦ ਪਬਲਿਕ ਸਕੂਲ ਦੇ ਐਨ.ਸੀ.ਸੀ. ਕੈਡਿਟਸ ਨੇ ਗਣਤੰਤਰ ਦਿਵਸ ਮੌਕੇ ਹੋਣ ਵਾਲੀ ਪਰੇਡ ਚ ਹਿੱਸਾ ਲਿਆ। ਇਸ ਪਰੇਡ 'ਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪਰ ਬਾਬਾ ਫਰੀਦ ਸੰਸਥਾ ਦੇ ਬੈਂਡ ਵਿਦਿਆਰਥੀਆਂ ਅਤੇ ਐੱਨ ਸੀ ਸੀ ਕੈਡਿਟਸ ਦੀ ਖੂਬ ਸ਼ਲਾਘਾ ਕੀਤੀ ਗਈ । ਮੁੱਖ ਮਹਿਮਾਨ ਵੱਲੋਂ ਵੀ ਵਿਦਿਆਰਥੀਆਂ ਦੀ ਵਿਸ਼ੇਸ਼ ਤੌਰ ਤੇ ਹੌਸਲਾ ਅਫਜ਼ਾਈ ਕੀਤੀ ਗਈ। ਅਦਾਰੇ ਵਿਖੇ ਵੀ ਗਣਤੰਤਰ ਦਿਵਸ ਦੇ ਮੌਕੇ ਝੰਡਾ ਲਹਿਰਉਣ ਦੀ ਰਸਮ ਅਦਾਰੇ ਦੇ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਜੀ ਨੇ ਅਦਾ ਕੀਤੀ । ਇਸ ਸਮੇਂ ਰਾਸ਼ਟਰੀ ਗਾਣ ਅਤੇ ਦੇਸ਼ ਭਗਤੀ ਦੇ ਗੀਤ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ। ਅਦਾਰੇ ਵਿਖੇ ਗਣਤੰਤਰ ਦਿਵਸ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਪੇਂਟਿੰਗ ਮੁਕਾਬਲੇ, ਬੋਰਡ ਡੈਕੋਰੇਸ਼ਨ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਮਿਸਿਜ਼ ਕੁਲਦੀਪ ਕੌਰ, ਪ੍ਰਿੰਸੀਪਲ ,ਬਾਬਾ ਫਰੀਦ ਪਬਲਿਕ ਸਕੂਲ ਨੇ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਇਸ ਦਿਨ ਤੇ ਪ੍ਰਣ ਕਰਨਾ ਚਾਹੀਦਾ ਕਿ ਸਾਨੂੰ ਆਪਣੇ ਮੌਲਿਕ ਕਰਤੱਵਾਂ ਅਤੇ ਅਧਿਕਾਰਾਂ ਅਨੁਸਾਰ ਚਲਦੇ ਹੋਏ ਇਕ ਸੱਚੇ ਨਾਗਰਿਕ ਬਣਨਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਬੈਂਡ ,ਪੀ.ਟੀ.ਸ਼ੋਅ ਅਤੇ ਪਰੇਡ ਦੀ ਵਧੀਆ ਕਾਰਗੁਜਾਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਐਨ.ਸੀ.ਸੀ.ਇਕ ਮਹੱਤਵਪੂਰਨ ਸਿਖਲਾਈ ਗਤੀਵਿਧੀ ਹੈ, ਜੋ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਗੁਣ ਪੈਦਾ ਕਰਦੀ ਹੈ। ਐਨ.ਸੀ.ਸੀ. ਅਨੁਸ਼ਾਸਨ ਤੇ ਏਕਤਾ ਦੀ ਪ੍ਰਤੀਕ ਹੈ। ਹਰੇਕ ਵਿਦਿਆਰਥੀ ਨੂੰ ਐਨ.ਸੀ.ਸੀ.ਵਿੱਚ ਭਰਤੀ ਹੋ ਕੇ ਦੇਸ਼ ਦੇ ਪ੍ਰਤੀ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਅੰਤ ਵਿੱਚ ਉਹਨਾਂ ਨੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਸਭ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ।




## ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਦੇ ਮੰਤਰੀ ਲਾਲ ਚੰਦ ਕਟਾਰੂ ਚੱਕ ਨੂੰ ਦਿੱਤਾ ਗਿਆ ਮੰਗ ਪੱਤਰ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫਰੀਦਕੋਟ , 27 ਜਨਵਰੀ : ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ , ਚੰਡੀਗੜ੍ਹ ਅਤੇ ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਜ਼ਿਲਾ ਫਰੀਦਕੋਟ ਦੇ ਜਨਰਲ ਸਕੱਤਰ ਹਰਵਿੰਦਰ ਸ਼ਰਮਾ , ਦੀ ਕਲਾਸ ਫੌਰਥ ਗੌਰਮਿੰਟ ਇੰਪਲਾਈਜ ਯੂਨੀਅਨ ਜ਼ਿਲਾ ਫਰੀਦਕੋਟ ਦੇ ਪ੍ਰਧਾਨ ਇਕਬਾਲ ਸਿੰਘ ਢੁੱਡੀ ਪਸ਼ੂ ਪਾਲਣ ਵਿਭਾਗ ,ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਤੇ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਸਿੱਧੂ ਵੱਲੋਂ 26 ਜਨਵਰੀ ਨੂੰ ਫਰੀਦਕੋਟ ਵਿਖੇ ਝੰਡਾ ਲਹਿਰਾਉਣ ਆਏ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਮਾਨ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਗਿਆ । ਮੰਤਰੀ ਸਾਹਿਬ ਨੇ ਇਹ ਸਾਰੀਆਂ ਮੰਗਾਂ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਉਣ ਅਤੇ ਜਲਦੀ ਹੀ ਸੁਬਾਈ ਆਗੂਆਂ ਦੀ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ।



ਮੰਗ ਪੱਤਰ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਦੇ ਸਮੂਹ ਵਿਭਾਗਾਂ,ਬੋਰਡਾਂ,ਨਿਗਮਾਂ ਦੇ ਸਮੂਹ ਕੱਚੇ,ਠੇਕਾ ਅਤੇ ਆਊਟ ਸੋਰਸ਼ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਰੈਗੂਲਰ ਕੀਤਾ ਜਾਵੇ , ਪਰਖ ਕਾਲ ਸਮੇਂ ਦੌਰਾਨ ਮੁੱਢਲੀ ਤਨਖਾਹ ਦੇਣ ਸਬੰਧੀ ਅਕਾਲੀ -/ ਭਾਜਪਾ ਗਠਜੋੜ ਦੀ ਅਗਵਾਈ ਹੇਠ ਪਿਛਲੀ ਪੰਜਾਬ ਸਰਕਾਰ ਵਲੋਂ ਮਿਤੀ 15 ਜਨਵਰੀ 2015 ਨੂੰ ਜਾਰੀ ਕੀਤਾ ਗਿਆ ਪੱਤਰ ਜੋ ਕਿ ਹੁਣ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਮਾਨਯੋਗ ਅਦਾਲਤ ਦਾ ਫ਼ੈਸਲਾ ਤੁਰੰਤ ਲਾਗੂ ਕਰਕੇ ਮੁਲਾਜ਼ਮਾਂ ਨੂੰ ਪੂਰੇ ਤਨਖ਼ਾਹ ਸਕੇਲ ਅਤੇ ਭੱਤਿਆਂ ਸਮੇਤ ਬਣਦੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਤੇ ਪੰਜਾਬ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਵਿੱਚ ਪਾਈ ਗਈ ਐਸ ਐਲਪੀ ਤੁਰੰਤ ਵਾਪਸ ਲਈ ਜਾਵੇ, ਪਿਛਲੀ ਕਾਂਗਰਸ ਸਰਕਾਰ ਵੱਲੋਂ ਕੇਂਦਰੀ ਪੈਟਰਨ ਅਨੁਸਾਰ ਤਨਖਾਹਾਂ ਦੇਣ ਸਬੰਧੀ ਮਿਤੀ 17 ਜੁਲਾਈ 2020 ਨੂੰ ਜਾਰੀ ਪੱਤਰ ਤੁਰੰਤ ਵਾਪਸ ਲਿਆ ਜਾਵੇ , ਸਾਰੇ ਵਿਭਾਗਾਂ,ਬੋਰਡਾਂ,ਕਾਰਪੋਰੇਸ਼ਨਾਂ ਵਿੱਚ ਖਾਲੀ ਪਈਆਂ ਅਸਾਮੀਆਂ ਤੇ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਰੈਗੂਲਰ ਭਰਤੀ ਕੀਤੀ ਜਾਵੇ ,ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਹੂਬਹੂ ਬਹਾਲ ਕਰਕੇ ਸਬੰਧਤ ਮੁਲਾਜ਼ਮਾਂ ਦੇ ਜੀ.ਪੀ.ਐਫ. ਖਾਤੇ ਖੋਲ੍ਹਕੇ ਜੀ.ਪੀ.ਐਫ ਕਟੌਤੀ ਤੁਰੰਤ ਸ਼ੁਰੂ ਕੀਤੀ ਜਾਵੇ , ਮੁਲਾਜ਼ਮਾਂ ਦੇ ਪੇਂਡੂ ਭੱਤੇ ਸਮੇਤ ਪਿਛਲੀ ਹੁਕਮਰਾਨ ਕਾਂਗਰਸ ਸਰਕਾਰ ਵਲੋਂ ਕੱਟੇ ਵੱਖ-ਵੱਖ ਤਰਾਂ ਦੇ 37 ਭੱਤੇ ਤੁਰੰਤ ਬਹਾਲ ਕੀਤੇ ਜਾਣ, ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ ਏ ਦਾ

28 ਫੀਸਦੀ ਤੋਂ 38 ਫੀਸਦੀ ਦਾ ਪਿਛਲਾ ਰਹਿੰਦਾ ਬਕਾਇਆ ਤੁਰੰਤ ਦਿੱਤਾ ਜਾਵੇ ,38 ਫੀਸਦੀ ਤੋਂ 42 ਫੀਸਦੀ, 42 ਫੀਸਦੀ ਤੋਂ 46 ਫੀਸਦੀ ਡੀ ਏ ਦੀਆਂ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ ,ਮਿਤੀ 1ਜਨਵਰੀ 2016 ਤੋਂ 30 ਜੂਨ 2021 ਤੱਕ ਸੋਧੀਆਂ ਗਈਆਂ ਤਨਖ਼ਾਹਾਂ /ਪੈਨਸ਼ਨਾਂ , ਲੀਵ ਇਨਕੈਸ਼ਮੈਂਟ ਦਾ ਬਕਾਇਆ ਯਕਮੁਸ਼ਤ ਨਕਦ ਦਿੱਤਾ ਜਾਵੇ, ਆਂਗਨਵਾੜੀ ਵਰਕਰਾਂ ,ਹੈਲਪਰਾਂ , ਆਸ਼ਾ ਵਰਕਰਾਂ , ਆਸ਼ਾ ਫੈਸੀਲੀਟੇਟਰਾਂ, ਮਿਡ ਡੇ ਮੀਲ ਵਰਕਰਾਂ ਤੇ ਹੋਰ ਸਕੀਮ ਵਰਕਰਾਂ ਨੂੰ ਰੈਗੂਲਰ ਕਰਨ ਤੇ ਘੱਟੋ-ਘੱਟ ਉਜ਼ਰਤਾਂ ਦਾ ਕਾਨੂੰਨ ਲਾਗੂ ਕਰਕੇ ਤਨਖਾਹ 26000 ਰੁਪਏ ਮਹੀਨਾ ਦਿੱਤੀ ਜਾਵੇ ।

## ਗਣਤੰਤਰ ਦਿਵਸ ਮੌਕੇ ਐੱਸ.ਬੀ.ਆਰ.ਐੱਸ. ਗੁਰੂਕੁਲ 'ਚ ਗਿੱਧਾ, ਭੰਗੜਾ ਅਤੇ ਗੀਤਾਂ ਦੀ ਪੇਸ਼ਕਾਰੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 27 ਜਨਵਰੀ: ਐੱਸ.ਬੀ.ਆਰ.ਐੱਸ. ਗੁਰੂਕੁਲ (ਮਹਿਣਾ) ਜੋ ਕਿ ਡਾਇਰੈਕਟਰ ਪ੍ਰਿੰਸੀਪਲ ਧਵਨ ਕੁਮਾਰ ਦੇ ਮਾਰਗ ਦਰਸ਼ਨ ਹੇਠ ਚਲਾਇਆ ਜਾ ਰਿਹਾ ਹੈ, 'ਚ 75ਵੇਂ ਗਣਤੰਤਰ ਦਿਵਸ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦਾ ਮੰਤਵ ਬੱਚਿਆਂ 'ਚ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਉਤਪੰਨ ਕਰਨ ਦੇ ਨਾਲ-ਨਾਲ ਉਤਸ਼ਾਹ ਅਤੇ ਆਤਮ-ਵਿਸ਼ਵਾਸ਼ ਦੀ ਭਾਵਨਾ 'ਚ ਵਾਧਾ ਕਰਨਾ ਵੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਉਲੀਕੇ ਗਏ ਪ੍ਰੋਗਰਾਮ 'ਚ ਬੱਚਿਆਂ ਵਲੋਂ ਸਟੇਜ ਸੰਭਾਲਣ ਦਾ ਕਾਰਜ ਆਰੰਭ ਤੋਂ ਅਖੀਰ ਤੱਕ ਪੂਰੀ ਸ਼ਿੱਦਤ ਨਾਲ ਨਿਭਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ 'ਚ ਡਾਇਰੈਕਟਰ




ਪ੍ਰਿੰਸੀਪਲ ਧਵਨ ਕੁਮਾਰ ਨੇ ਗਣਤੰਤਰ ਦਿਵਸ ਨਾਲ ਸਬੰਧਤ ਭਾਸ਼ਣ ਦਿੰਦਿਆਂ ਗਣਤੰਤਰ ਦਿਵਸ ਦੀਆਂ ਮੁਬਾਰਕਾਂ ਦੇਣ ਦੇ ਨਾਲ-ਨਾਲ ਸੰਵਿਧਾਨ ਲਾਗੂ ਹੋਣ ਸਬੰਧਤ ਬਹੁਮੁੱਲੇ ਵਿਚਾਰ ਸਾਂਝੇ ਕਰਨ ਉਪਰੰਤ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸੇ ਤਰਾਂ ਪ੍ਰੋਗਰਾਮ ਨੂੰ ਅੱਗੇ ਵਧਾਉਂਦੇ ਹੋਏ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਨਾਲ ਸਬੰਧਤ ਵੱਖ-ਵੱਖ ਮੰਨੋਰੰਜਨਦਾਇਕ ਗਤੀਵਿਧੀਆਂ ਜਿਵੇਂ ਸਮੂਹਿਕ ਗੀਤ, ਗਿੱਧਾ, ਭੰਗੜਾ ਅਤੇ ਦੇਸ਼ ਭਗਤੀ ਨੂੰ ਬਿਆਨ ਕਰਦਾ ਨਾਟਕ ਪੇਸ਼ ਕੀਤਾ ਗਿਆ, ਜਿਸ ਨੇ ਸਭ ਉੱਪਰ ਆਪਣੀ ਵੱਖਰੀ ਛਾਪ ਛੱਡੀ। ਅਖੀਰ 'ਚ ਡਾਇਰੈਕਟਰ ਪ੍ਰਿੰਸੀਪਲ ਦੀ ਅਗਵਾਈ 'ਚ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਧੀਮੀ ਸੰਗੀਤਕ ਧੁਨ ਨਾਲ ਰਾਸ਼ਟਰੀ ਗੀਤ ਦਾ ਗਾਇਨ ਕਰਦੇ ਹੋਏ ਦੇਸ਼ ਪ੍ਰਤੀ ਸਨੇਹ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ।

## ਬਾਬਾ ਦੀਪ ਸਿੰਘ ਸ਼ਹੀਦ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਦੀਪ ਸਿੰਘ ਨੇ ਵਿੱਚ ਸ਼ਹੀਦਾਂ, ਵੱਡਾ ਰੁਤਬਾ ਪਾਇਆ।

ਭਾਈ ਭਗਤਾ ਦਾ ਬਲੀ ਬੇਟਾ ਸੀ, ਜੀਉਣੀ ਮਾਂ ਦਾ ਜਾਇਆ॥

ਸਿੰਘ ਸੂਰਮਾ ਸਿਰਲੱਥ ਜੰਮਿਆ, ਯੋਧਾ ਤੇ ਵਿਦਵਾਨ।

ਗੁਣੀ-ਗਿਆਨੀ, ਸੰਤ-ਸਿਪਾਹੀ, ਦੀਪਾ ਮੁੱਢਲਾ ਨਾਮ॥

ਛਕ ਅੰਮ੍ਰਿਤ ਦਸ਼ਮੇਸ਼ ਪਿਤਾ ਤੋਂ, ਗੁਰੂ ਤੋਂ ਲਈ ਅਸੀਸ।

ਹਰਿਮੰਦਰ ਦੀ ਰੱਖਿਆ ਖਾਤਰ, ਤਲੀ ਤੇ ਰੱਖਿਆ ਸੀਸ॥

ਗੁਰੂ ਦੀ ਸੈਨਾ ਵਿੱਚ ਰਹਿ ਉਸਨੇ, ਕੀਤੇ ਯੁੱਧ ਅਨੇਕ।

ਸੱਚੇ ਪਰਵਦਗਾਰ ਤੇ ਉਸਨੇ, ਰੱਖੀ ਹਮੇਸ਼ਾ ਟੇਕ॥

ਸਾਬੋ ਕੀ ਤਲਵੰਡੀ ਆਇਆ, ਗੁਰੂ ਦੀ ਸਿੱਖਿਆ ਧਾਰੀ।

ਖੁਸ਼ ਹੋ ਉਹਦੀ ਸੇਵਾ ਤੋਂ ਗੁਰ, ਸੌਂਪੀ ਸੀ ਜੱਥੇਦਾਰੀ॥

ਗੁਰੂ ਗ੍ਰੰਥ ਸਾਹਿਬ ਦੇ ਬਾਬੇ, ਕੀਤੇ ਚਾਰ ਉਤਾਰੇ।

ਉਹਦੇ ਕੌਤਕ ਅਜਬ-ਅਨੋਖੇ, ਜਾਵਾਂ ਮੈਂ ਬਲਿਹਾਰੇ॥

ਬਾਬਾ ਜੀ ਨੇ ਵਿੱਚ ਤਲਵੰਡੀ, ਖੂਹ ਸੀ ਇੱਕ ਲਗਵਾਇਆ।

ਠੰਡੇ-ਮਿੱਠੇ ਪਾਣੀ ਦਾ ਪਿਆ, ਵਗੇ ਅਜੇ ਸਰਮਾਇਆ॥

ਭੋਰੇ ਬੈਠ ਤਪੱਸਿਆ ਕੀਤੀ, ਓਸ ਬਹਾਦਰ ਸੂਰੇ।

ਬੁਰਜ ਓਸਦੀ ਯਾਦ 'ਚ ਅੱਜ ਤੱਕ, ਪਿਆ ਵੈਰੀ ਨੂੰ ਘੂਰੇ॥

ਮਿਲ ਕੇ ਨਾਲ 'ਬਹਾਦਰ ਬੰਦੇ', ਦੁਸ਼ਮਣ ਸਨ ਕਈ ਸੋਧੇ।

ਕੋਈ ਮੁਗਲ ਨਾ ਟਿਕਿਆ ਸਾਹਵੇਂ, ਏਸ ਬਹਾਦਰ ਯੋਧੇ॥

ਕਰਕੇ ਇੱਕਮੁੱਠ ਸਿੱਖਾਂ ਨੂੰ ਉਸ, 'ਮਿਸਲ ਸ਼ਹੀਦ' ਬਣਾਈ।

ਥਰ-ਥਰ ਜ਼ਾਲਮ ਕੰਬਣ ਲੱਗੇ, ਐਸੀ ਧਾਕ ਜਮਾਈ॥

ਅਬਦਾਲੀ ਨੇ ਹਮਲਾ ਕਰਕੇ, ਹਿੰਦੋਸਤਾਨ ਡਰਾਇਆ।

ਬਾਬਾ ਨੇ ਫ਼ਿਰ ਬੋਲ ਕੇ ਹੱਲਾ, ਔਰਤਾਂ ਨੂੰ ਛੁਡਵਾਇਆ॥

ਖਾਨ ਜਹਾਨ ਬੇਅਦਬੀ ਕੀਤੀ, ਸਾਡੇ ਅੰਮ੍ਰਿਤ-ਸਰ ਦੀ।

ਪੂਰ ਦਿੱਤਾ ਉਸ ਪਾਕ ਸਰੋਵਰ, ਜੀਭ ਆਖਣੋਂ ਡਰਦੀ॥

ਸੁਣੀ ਖ਼ਬਰ ਜਦ ਦੀਪ ਸਿੰਘ ਨੇ, ਖਾਧਾ ਖੂਨ ਉਬਾਲੇ।

ਸਿੰਘ ਝੱਈਆਂ ਲੈ ਉੱਠੇ, ਸਨ ਜੋ ਮਰਨ-ਮਾਰਨ ਨੂੰ ਕਾਹਲੇ॥

ਅੱਗੇ ਵਧ ਕੇ ਦੀਪ ਸਿੰਘ ਨੇ, ਖਿੱਚੀ ਇੱਕ ਲਕੀਰ।

'ਜਾਨ ਵਾਰਨੀ ਜਾਣੇ ਜਿਹੜਾ, ਵਧੇ ਅੱਗੇ ਉਹ ਵੀਰ'॥

ਅੰਮ੍ਰਿਤਸਰ ਤੋਂ ਕੁਝ ਦੂਰੀ ਤੇ, ਸਖ਼ਤ ਟਾਕਰਾ ਹੋਇਆ।

ਵੇਖ ਮੁਗਲ ਦੀ ਫ਼ੌਜ ਵਡੇਰੀ, ਜ਼ਰਾ ਨਾ ਧੀਰਜ ਖੋਇਆ॥

ਰੋਹ ਵਿੱਚ ਆ ਕੇ ਬਾਬੇ ਨੇ ਫ਼ਿਰ, ਉਹ ਖੜਕਾਇਆ ਖੰਡਾ।

ਏਦੂੰ ਪਾਰੋਂ ਓਸ ਪਾਰ ਉਸ, ਕੀਤਾ ਦੁਸ਼ਮਣ ਠੰਡਾ॥

ਗਹਿਗੱਚ ਓਸ ਲੜਾਈ ਦੇ ਵਿੱਚ, ਸਿੰਘ ਜ਼ਰਾ ਨਾ ਡੋਲੇ।

ਹੱਸ-ਹੱਸ ਦੇਣ ਸ਼ਹੀਦੀ ਜੰਗ ਵਿੱਚ, ਗਾਉਂਦੇ ਗੁਰੂ ਦੇ ਸੋਹਲੇ॥

ਸਿੰਘ ਸੂਰਮੇ ਰਣ-ਭੂਮੀ ਵਿੱਚ, ਸ਼ੇਰਾਂ ਵਾਂਗੂੰ ਗੱਜੇ।

ਸੀਸ ਤਲੀ ਤੇ ਰੱਖ ਕੇ ਬਾਬੇ, ਵੈਰੀ ਲਾ ਲਿਆ ਅੱਗੇ॥

ਸੀਸ ਭੇਟ ਕਰ ਗੁਰ-ਚਰਨਾਂ ਵਿੱਚ, ਅੰਤਿਮ ਫ਼ਤਹਿ ਬੁਲਾਈ।

ਬਾਬਾ ਦੀਪ ਸਿੰਘ ਨੇ ਏਦਾਂ, ਸਿੱਖੀ ਤੋੜ ਨਿਭਾਈ॥

ਪ੍ਰੀਤ ਦੀ ਰੀਤ ਨਿਭਾਉਣੀ ਔਖੀ, ਸੌਖਾ ਬੜਾ ਹੈ ਕਹਿਣਾ।

ਦਰ ਦਾਤੇ ਦੇ ਢਹਿ ਪੈ ਬੰਦਿਆ, ਚਾਹਵੇਂ ਜੇ ਕੁਝ ਲੈਣਾ॥

ਖੰਨਿਓਂ ਤਿੱਖੀ, ਵਾਲੋਂ ਨਿੱਕੀ, ਪਾਕ-ਪਵਿੱਤਰ ਸਿੱਖੀ।

ਹੋ ਨਤਮਸਤਕ ਦੀਪ ਸਿੰਘ ਨੂੰ, 'ਐੱਨ.ਐੱਸ.' ਕਵਿਤਾ ਲਿਖੀ॥

## ਬਾਬਾ ਦੀਪ ਸਿੰਘ ਸ਼ਹੀਦ***



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਧੰਨ ਬਾਬਾ ਦੀਪ ਸਿੰਘ ਜੀ
ਧੰਨ ਤੇਰੀ ਕੁਰਬਾਨੀ।
ਸਾਰੇ ਜੱਗ ਵਿਚ ਤੇਰਾ ਕੋਈ ਨਾ ਸਾਨੀ।
ਜਿੱਧਰੋਂ ਦੀ ਉਹ ਲੰਘ ਜਾਂਦੇ
ਦੁਸ਼ਮਣ ਦਾ ਸੀਨਾ ਧੜਕਦਾ

ਆਂ ੰਧੀ ਤੂਫ਼ਾਨ ਬਣ ਕੇ ਆਇਆ ਮਹਾਂ ਬਲੀ ਦੁਖੀਆਂ ਦੇ ਵਾਸਤੇ।
ਧੰਨ ਧੰਨ ਬਾਬਾ ਦੀਪ ਸਿੰਘ ਜੀ।
ਜਦੋਂ ਹੋ ਗਿਆ ਸਿਰ ਧੜ੍ਹ ਤੋਂ ਅੱਲਗ ਨਾ ਇਸ ਨੇ ਹਿੰਮਤ ਹਾਰੀ।
ਤਲੀ ਤੇ ਰੱਖ ਸੀਸ ਤੇਰੇ ਤੋਂ ਜੱਗ ਜਾਂਦਾ ਬਲਿਹਾਰੀ।
ਤੇਰੇ ਜਿਹੀ ਕੁਰਬਾਨੀ ਕਿਸੇ ਨਾ ਕੀਤੀ ਦੁਨੀਆਂ ਜਹਾਨ ਤੇ।
ਧੰਨ ਧੰਨ ਬਾਬਾ ਦੀਪ ਸਿੰਘ ਜੀ।
ਇਕ ਹੱਥ ਉੱਤੇ ਸੀਸ ਟਿਕਾਇਆ ਦੂਜੇ ਫੜੀ ਤਲਵਾਰ।
ਦੁਸ਼ਮਣ ਦੇ ਸਿਰ ਲਾਹ ਲਾਹ ਸੁੱਟਦਾ ਜਾਏ ਨਾ ਵਾਰ ਖਾਲੀ।
ਚੜ੍ਹੀ ਜਵਾਨੀ ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਲਾਲ ਨੂੰ
ਧੰਨ ਧੰਨ ਬਾਬਾ ਦੀਪ ਸਿੰਘ ਜੀ।
ਬਾਬਾ ਦੀਪ ਸਿੰਘ ਉਹ ਇਕ ਮਹਾਨ ਯੋਧਾ,ਬੀਰ ਸੀ।
ਉਸ ਨੇ ਮੌਤ ਨੂੰ ਖੂਬ ਨਾਚ ਨਚਾਇਆ ਸੀ।
ਦੂਰੋਂ ਸੀਸ ਉਚਾਲ ਕੇ ਗੁਰੂ ਚਰਣਾਂ ਵਿਚ ਟਿਕਾਇਆ।
ਪੰਥ ਖਾਲਸਾ ਸ਼ੇਰ ਬੱਬਰ ਇਕ ਸ਼ੁਰੂ ਤੋਂ ਹੀ ਬਲਦਾਨੀ।
ਧੰਨ ਧੰਨ ਬਾਬਾ ਦੀਪ ਸਿੰਘ ਜੀ।
ਧੰਨ ਤੇਰੀ ਕਮਾਈ।

## ਗੀਤ – ਬੇਗਮਪੁਰੇ ਦਾ ਸੁਪਨਾ



ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

ਬੇਗਮਪੁਰੇ ਦਾ ਸੁਪਨਾ, ਆਓ ਸੱਚ ਕਰ ਦਿਖਾਈਏ।।
ਹਰਿ ਨਾਮ ਦੇ ਝੰਡੇ ਪੂਰੇ ਵਿਸ਼ਵ ਵਿੱਚ ਲਹਿਰਾਈਏ।।

ਬੋਲੇ ਸੋ ਨਿਰਭੈ ਦੇ ਜੈਕਾਰੇ ਲਾ।
ਆਓ ਆਪਾਂ ਨਿਰਭੈ ਹੋ ਜਾਈਏ।।
ਮਜ਼ਲੂਮਾਂ ਤੇ ਹੁੰਦੇ ਜ਼ੁਲਮਾਂ ਖ਼ਿਲਾਫ਼।
ਇਕਜੁੱਟ ਹੋ ਆਵਾਜ਼ ਉਠਾਈਏ।।
ਬੇਗਮਪੁਰੇ ਦਾ ਸੁਪਨਾ, ਆਓ ਸੱਚ ਕਰ ਦਿਖਾਈਏ।।

ਹਰਿ ਨਾਮ ਰੂਪੀ ਬੇੜੇ ਨਾਲ।
ਆਓ ਭਵਸਾਗਰ ਪਾਰ ਕਰ ਜਾਈਏ।।
ਸਤਿਗੁਰਾਂ ਦੀ ਅੰਮ੍ਰਿਤਬਾਣੀ ਦਾ।
ਹੁਣ ਆਪਾਂ ਪ੍ਰਚਾਰ ਵਧਾਈਏ।।
ਬੇਗਮਪੁਰੇ ਦਾ ਸੁਪਨਾ, ਆਓ ਸੱਚ ਕਰ ਦਿਖਾਈਏ।।

ਜੈ ਗੁਰੂਦੇਵ ਧੰਨ ਗੁਰੂਦੇਵ।
ਆਪਾਂ ਸਭ ਨੂੰ ਬੁਲਾਈਏ।।
ਆਓ ਗੁਰੂ ਰਵਿਦਾਸ ਦੇ ਸੱਚੇ।
ਪੁੱਤਰ ਬਣ ਕੇ ਦਿਖਾਈਏ।।
ਬੇਗਮਪੁਰੇ ਦਾ ਸੁਪਨਾ, ਆਓ ਸੱਚ ਕਰ ਦਿਖਾਈਏ।।

ਸੂਦ ਵਿਰਕ ਦੀ ਸਭ ਨੂੰ ਬੇਨਤੀ।
ਆਓ ਆਪਣੀ ਸੋਚ ਵਧਾਈਏ।।
ਝੂਠੇ ਆਡੰਬਰ, ਪਾਖੰਡਾਂ ਤੋਂ।
ਆਪਾਂ ਛੁਟਕਾਰਾ ਪਾਈਏ।।
ਬੇਗਮਪੁਰੇ ਦਾ ਸੁਪਨਾ, ਆਓ ਸੱਚ ਕਰ ਦਿਖਾਈਏ।।

ਬੇਗਮਪੁਰੇ ਦਾ ਸੁਪਨਾ, ਆਓ ਸੱਚ ਕਰ ਦਿਖਾਈਏ।।
ਹਰਿ ਨਾਮ ਦੇ ਝੰਡੇ ਪੂਰੇ ਵਿਸ਼ਵ ਵਿੱਚ ਲਹਿਰਾਈਏ।।